# NE 130th ਸਟ੍ਰੀਟ ਅਤੇ NE 125th ਸਟ੍ਰੀਟ ਗਤੀਸ਼ੀਲਤਾ ਅਤੇ ਸੁਰੱਖਿਆ ਪ੍ਰੋਜੈਕਟ

2024




## ਤੁਹਾਡੇ ਆਂਢ-ਗੁਆਂਢ ਵਿੱਚ ਪੈਦਲ ਚੱਲਣ, ਬਾਈਕ ਚਲਾਉਣ, ਅਤੇ ਆਵਾਜਾਈ ਸੰਬੰਧੀ ਸੁਧਾਰ ਹੋਣ ਜਾਂ ਰਹੇ ਹਨ!

ਅਸੀਂ NE 130th ਸਟ੍ਰੀਟ, ਰੂਜ਼ਵੈਲਟ ਵੇ NE, ਅਤੇ NE 125th ਸਟ੍ਰੀਟ ਵਿਖੇ 1st ਐਵੈਨਈਊ NE ਤੋਂ ਲੈਕ ਸਿਟੀ ਵੇ NE ਦੇ ਪੂਰਬ ਤੱਕ ਸੁਧਾਰ ਕਰ ਰਹੇ ਹਾਂ! ਇਹ ਬਦਲਾਅ ਲੋਕਾਂ ਲਈ ਪੈਦਲ ਚੱਲਣਾ, ਬਾਈਕ ਚਲਾਉਣਾ, ਰੋਲਿੰਗ ਕਰਨਾ ਅਤੇ ਬੱਸ ਲੈਣਾ ਸੁਰੱਖਿਅਤ ਅਤੇ ਆਸਾਨ ਬਣਾ ਦੇਣਗੇ। ਉਹ ਤੁਹਾਨੂੰ I-5 ਦੇ ਨੇੜੇ NE 130 ਸਟ੍ਰੀਟ ਤੇ ਨਵੇਂ ਲਾਈਟ ਰੇਲ ਸਟੇਸ਼ਨ ਤੱਕ ਪਹੁੰਚਣ ਵਿੱਚ ਵੀ ਮਦਦ ਕਰਨਗੇ। ਹਰ ਰੋਜ਼ ਲਗਭਗ 4,000 ਸਵਾਰੀਆਂ ਦੇ ਆਉਣ ਦੀ ਉਮੀਦ ਕੀਤੀ ਜਾਂਦੀ ਹੈ, ਜਿੰਨ੍ਹਾਂ ਵਿੱਚ 90% ਸਵਾਰੀਆਂ, ਪੈਦਲ ਚੱਲ ਕੇ, ਬਾਈਕ ਚਲਾ ਕੇ, ਜਾਂ ਉੱਥੇ ਪਹੁੰਚਣ ਲਈ ਆਵਾਜਾਈ ਦਾ ਸਹਾਰਾ ਲੈਂਦਿਆਂ ਹਨ।

ਹੇਠਾਂ ਦਿੱਤੇ ਸੁਧਾਰ ਪ੍ਰੋਜੈਕਟ ਦਾ ਹਿੱਸਾ ਹਨ:

- ਬਾਈਕਿੰਗ ਨੂੰ ਸੁਰੱਖਿਅਤ ਬਣਾਉਣ ਲਈ ਕੰਕਰੀਟ ਦੀਆਂ ਰੁਕਾਵਟਾਂ ਦੇ ਨਾਲ ਸੁਰੱਖਿਅਤ ਬਾਈਕ ਲੇਨ
- ਨਵੇਂ ਅਤੇ ਅੱਪਗਰੇਡ ਕੀਤੇ ਬੱਸ ਅੱਡਿਆਂ, ਸਿਰਫ਼ ਬੱਸ ਲੇਨ, ਅਤੇ ਬੱਸਾਂ ਨੂੰ ਚਾਂਦੀ ਸ਼ੁਰੂਆਤ ਦੇਨ ਲਈ ਸਿਗਨਲ ਅੱਪਗਰੇਡ ਕਰਨ ਦੇ ਨਾਲ ਬੱਸ ਸੇਵਾ ਵਿੱਚ ਸੁਧਾਰ
- ਗੰਭੀਰ ਅਤੇ ਜਾਨਲੇਵਾ ਟੱਕਰਾਂ ਨੂੰ ਰੋਕਣ ਵਿੱਚ ਮਦਦ ਕਰਨ ਲਈ ਸੜਕ ਅਤੇ ਚੌਰਾਹੇ ਦੇ ਸੁਰੱਖਿਅਤ ਡਿਜ਼ਾਈਨ
- ਪੈਦਲ ਤੁਰਨ ਵਾਲੇ, ਬਾਈਕ ਚਲਾਉਣ ਵਾਲੇ ਅਤੇ ਰੋਲਿੰਗ ਕਰਨ ਵਾਲੇ ਲੋਕਾਂ ਲਈ ਨਵੇਂ ਸਿਗਨਲ ਦੇ ਨਾਲ ਸੁਰੱਖਿਅਤ ਸੜਕ ਕਰਾਸਿੰਗ, ਅਤੇ ਸਿਗਨਲ ਅੱਪਗਰੇਡ ਜਿਸ ਕਰਕੇ ਪੈਦਲ ਚੱਲਣ ਅਤੇ ਰੋਲਿੰਗ ਕਰਨ ਵਾਲੇ ਲੋਕਾਂ ਨੂੰ ਕਾਰਾਂ ਅਤੇ ਟਰੱਕਾਂ ਤੋਂ ਪਹਿਲਾਂ ਜਾਣ ਦੀ ਸੁਵਿਧਾ ਮਿਲਦੀ ਹੈ।
- ਕੁਝ ਥਾਵਾਂ ਤੇ ਫੁੱਟਪਾਥ ਦੀ ਮੁਰੰਮਤ ਅਤੇ ਨਵੇਂ ਕਰਬ ਰੈਂਪ

**ਸਾਡੀ ਵੈੱਬਸਾਈਟ ਤੇ ਜਾਣ ਲਈ QR ਕੋਡ ਨੂੰ ਸਕੈਨ ਕਰੋ। ਤੁਸੀਂ ਪ੍ਰੋਜੈਕਟ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਅਤੇ ਪ੍ਰੋਜੈਕਟ ਅੱਪਡੇਟ ਲਈ ਸਾਈਨ ਅੱਪ ਕਰ ਸਕਦੇ ਹੋ।**

**ਤੁਸੀਂ ਇਹਨਾਂ ਤਰੀਕਿਆਂ ਦੇ ਨਾਲ ਸ਼ਾਮਲ ਹੋ ਸਕਦੇ ਹੋ:**

- **ਇੱਕ ਭਾਈਚਾਰਕ ਪੌਪ-ਅਪ ਇਵੈਂਟ ਵਿੱਚ ਸ਼ਾਮਲ ਹੋਵੋ**
- **ਇੱਕ ਭਾਈਚਾਰਕ ਮੀਟਿੰਗ ਵਿੱਚ ਸ਼ਾਮਲ ਹੋਵੋ**
- **ਭਾਈਚਾਰਕ ਮੁਲਾਕਾਤ ਦੌਰਾਨ ਸਾਡੀ ਟੀਮ ਨੂੰ ਮਿਲੋ**


**ਪ੍ਰੋਜੈਕਟ ਸੰਪਰਕ:**
Drue Nyenhuis
NE130thSt_NE125thSt_Project@seattle.gov
(206) 400-7515
www.seattle.gov/transportation/NE130thMobilityProject


Seattle Department of Transportation

King County METRO

# ਪ੍ਰੋਜੈਕਟ ਸਮਾਂ-ਸੀਮਾ

| PLANNING | | DESIGN | | CONSTRUCTION | | |
|---|---|---|---|---|---|---|
| Master Plan(s) | Project Development | Early Design | Final Design | Pre-construction | During | Wrap-up |

we are here

- **ਯੋਜਨਾ (2023):** ਅਸੀਂ ਭਾਈਚਾਰੇ ਤੋਂ ਮਿਲੀ ਜਾਣਕਾਰੀ ਦੇ ਨਾਲ ਸੁਰੱਖਿਆ ਅਤੇ ਪਹੁੰਚਯੋਗਤਾ ਸੁਧਾਰਾਂ ਨੂੰ ਡਿਜ਼ਾਈਨ ਕੀਤਾ ਹੈ।
- **ਡਿਜ਼ਾਇਨ (2023-2025):** ਭਾਈਚਾਰਕ ਫੀਡਬੈਕ ਲਈ ਡਿਜ਼ਾਈਨ ਪਰ੍ਸਤਾਵ ਬਣਾਓ ਅਤੇ ਸਾਂਝੇ ਕਰੋ।
- **ਨਿਰਮਾਣ (2025-2026*):** ਅਸੀਂ ਨਿਰਮਾਣ ਦੀ ਅਨੁਸੂਚੀ, ਗਤੀਵਿਧੀਆਂ ਅਤੇ ਪਰ੍ਭਾਵਾਂ ਨੂੰ ਸਾਂਝਾ ਕਰਾਂਗੇ।
- **ਹਲਕੀ ਰੇਲ ਸੇਵਾ ਸ਼ੁਰੂ ਹੋ ਗਈ ਹੈ (2026):** NE 130 ਸਟ੍ਰੀਟ ਇਨਫਿਲ ਸਟੇਸ਼ਨ ਦੀ ਮੌਜੂਦਾ ਜਾਣਕਾਰੀ ਲਈ ਸਾਊਂਡ ਟ੍ਰਾਂਜ਼ਿਟ ਦੀ ਵੈੱਬਸਾਈਟ ਤੇ ਜਾਓ।

*ਸਮਾਂ-ਸਾਰਣੀ ਅਮਲੇ ਅਤੇ ਸਮੱਗਰੀ ਦੀ ਉਪਲਬਧਤਾ ਦੇ ਅਧਾਰ ਤੇ ਨਿਰਮਾਣ ਬਦਲਣ ਦੇ ਅਧੀਨ ਹੈ।

ਇਸ ਪ੍ਰੋਜੈਕਟ ਦਾ NE 130 ਸਟ੍ਰੀਟ ਅਤੇ ਇੰਟਰਸਟੇਟ 5 ਦੇ ਵਿੱਚਕਾਰ ਸਥਿਤ ਨੌਰਥਏਕਰਸ ਪਾਰਕ ਤੇ ਮਾਮੂਲੀ ਪ੍ਰਭਾਵ ਪਵੇਗਾ। 1st ਏਵੈਨਈਊ NE ਅਤੇ NE 130 ਸਟ੍ਰੀਟ ਦੇ ਕੋਨੇ ਤੇ ਅਤੇ ਇੰਟਰਸਟੇਟ 5 ਦੇ ਨੇੜੇ ਰੈਂਪ ਤੇ ਮਾਮੂਲੀ ਸੰਸ਼ੋਧਨ ਲਈ ਸੀਏਟਲ ਪਾਰਕਸ ਅਤੇ ਦੁਬਾਰਾ ਬਣਨ ਵਾਲੀ ਮਨੋਰੰਜਨ ਸੰਪੱਤੀ ਦੇ ਅੰਦਰ ਸਥਾਈ ਤਬਦੀਲੀਆਂ ਦੀ ਲੋੜ ਹੋਵੇਗੀ:

- 1st ਏਵੈਨਈਊ NE और NE 130 ਸਟ੍ਰੀਟ ਦੇ ਕੋਨੇ ਤੇ ਇੱਕ ਨਵਾਂ ADA-ਅਨੁਕੂਲ ਕਰਬਰੈਂਪ ਸਥਾਪਤ ਕਰਨਾ ਜੋ ਕਿ ਲਗਭਗ 72 ਵਰਗ ਫੁੱਟ ਨੋਰਥਏਕਰਸ ਪਾਰਕ ਦੀ ਸੰਪਤੀ ਦੀ ਵਰਤੋਂ ਕਰੇਗਾ।
- ਤੁਰਨ ਲਈ ਇੱਕ ਚੌੜੀ ਜਗ੍ਹਾ ਪ੍ਰਦਾਨ ਕਰਨ ਲਈ ਅਤੇ ਅੱਪਡੇਟ ਕੀਤੇ ਪੂਰਬ ਦਿਸ਼ਾ ਵੱਲ ਜਾਣ ਵਾਲੇ ਵਾਹਨ ਲੇਨਾਂ ਲਈ ਕਾਫ਼ੀ ਥਾਂ ਪਰ੍ਦਾਨ ਕਰਨ ਲਈ ਰੈਂਪ ਤੇ ਇੰਟਰਸਟੇਟ 5 ਦੇ ਨੇੜੇ NE 130 ਸਟਰ੍ੀਟ ਦੇ ਨਾਲ ਫੁੱਟਪਾਥ ਦਾ ਮੁੜ ਨਿਰਮਾਣ ਕਰਨਾ।

1966 ਦੇ ਸੰਯੁਕਤ ਰਾਸ਼ਟਰ ਆਵਾਜਾਈ ਵਿਭਾਗ (U.S. Department of Transportation, USDOT) ਦੇ ਅਧਿਨਿਯਮ ਦੀ ਧਾਰਾ 4(f) ਦੇ ਤਹਿਤ ਨਾਰਥਏਕਰਸ ਪਾਰਕਵੇਅ ਦੇ ਅੰਦਰ ਛੋਟੀਆਂ ਤਬਦੀਲੀਆਂ ਨੂੰ ਘੱਟ ਤੋਂ ਘੱਟ ਪ੍ਰਭਾਵ ਹੋਣ ਲਈ ਨਿਰਧਾਰਤ ਕੀਤਾ ਗਿਆ ਹੈ।
ਇੱਕ ਘੱਟ ਤੋਂ ਘੱਟ ਪ੍ਰਭਾਵ ਉਹ ਹੁੰਦਾ ਹੈ ਜੋ ਧਾਰਾ 4(f) ਦੇ ਤਹਿਤ ਸੁਰੱਖਿਆ ਲਈ ਸੰਪਤੀ ਨੂੰ ਯੋਗ ਬਣਾਉਣ ਵਾਲੀਆਂ ਵਿਸ਼ੇਸ਼ਤਾਵਾਂ, ਗੁਣ ਜਾਂ ਗਤੀਵਿਧੀਆਂ ਤੇ ਬੁਰਾ ਪ੍ਰਭਾਵ ਨਹੀਂ ਪਾਉਂਦਾ। ਫੈਡਰਲ ਫੰਡਿੰਗ ਪ੍ਰਾਪਤ ਕਰਨ ਵਾਲੇ ਪ੍ਰੋਜੈਕਟਾਂ ਲਈ ਧਾਰਾ 4(f) ਦੀ ਪਾਲਣਾ ਦੀ ਲੋੜ ਹੈ।

**ਪ੍ਰੋਜੈਕਟ ਸੰਪਰਕ:**
Drue Nyenhuis
NE130thSt_NE125thSt_Project@seattle.gov
(206) 400-7515
www.seattle.gov/transportation/NE130thMobilityProject

Seattle Department of Transportation

King County METRO